# ਬੀ ਸੀ ਵਿੱਚ ਸਬਸਡੀ ਵਾਲੇ ਘਰ

## ਸਬਸਡੀ ਵਾਲੇ ਘਰ ਕਿਹੜੇ ਹਨ?

ਬੀ ਸੀ ਵਿੱਚ ਸਬਸਡੀ ਵਾਲੇ ਘਰ ਉਹਨਾਂ ਲੋਕਾਂ ਦੀ ਮਦਦ ਲਈ ਮਕਾਨਾਂ ਦੀਆਂ ਕਈ ਤਰ੍ਹਾਂ ਦੀਆਂ ਚੋਣਾਂ ਮੁਹੱਈਆ ਕਰਦੇ ਹਨ, ਜਿਹਨਾਂ ਲੋਕਾਂ ਨੂੰ ਇਹਨਾਂ ਦੀ ਸਭ ਤੋਂ ਵੱਧ ਲੋੜ ਹੈ। ਇਸ ਵਿੱਚ ਸੂਬਾਈ, ਮਿਉਂਸਪਲ ਅਤੇ ਫੈਡਰਲ ਸਰਕਾਰਾਂ ਦੇ ਨਾਲ ਨਾਲ ਗੈਰ-ਮੁਨਾਫੇਦਾਰ ਰਿਹਾਇਸ਼ੀ ਸੁਸਾਇਟੀਆਂ ਦੀ ਸਹਾਇਤਾ ਵਾਲੀ ਕਈ ਤਰ੍ਹਾਂ ਦੀ ਸਮਾਜਕ ਰਿਹਾਇਸ਼ (ਸੋਸ਼ਲ ਹਾਊਸਿੰਗ) ਸ਼ਾਮਲ ਹੈ। ਇਸ ਵਿੱਚ ਨਿੱਜੀ ਮਾਰਕੀਟ ਦੇ ਮਾਪਾਂ ਅਨੁਸਾਰ ਚੱਲਣ ਵਾਲੇ ਮਕਾਨਾਂ ਵਿੱਚ ਰਹਿ ਰਹੇ ਲੋਕਾਂ ਨੂੰ ਕਿਰਾਏ ਵਿੱਚ ਮਿਲਦੀ ਸਹਾਇਤਾ ਵੀ ਸ਼ਾਮਲ ਹੈ।

ਸਬਸਡੀ ਵਾਲੇ ਘਰਾਂ ਵਾਲੀਆਂ ਇਮਾਰਤਾਂ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਲੋਕਾਂ ਲਈ ਹਨ। ਇਹਨਾਂ ਲੋਕਾਂ ਵਿੱਚ ਬਜ਼ੁਰਗ, ਮਾਨਸਿਕ ਜਾਂ ਸਰੀਰਕ ਅਪਾਹਜਤਾ ਵਾਲੇ ਲੋਕ, ਬੇਘਰੇ ਜਾਂ ਬੇਘਰ ਹੋਣ ਦੇ ਖਤਰੇ ਵਾਲੇ ਲੋਕ, ਦੁਰਵਿਹਾਰ ਵਾਲੇ ਰਿਸ਼ਤਿਆਂ ਤੋਂ ਬੱਚ ਕੇ ਨਿਕਲਣ ਵਾਲੀਆਂ ਔਰਤਾਂ ਅਤੇ ਬੱਚੇ, ਅਬਰੀਜਨਲ ਲੋਕ ਅਤੇ ਘੱਟ ਆਮਦਨ ਵਾਲੇ ਪਰਿਵਾਰ ਸ਼ਾਮਲ ਹਨ।

## ਵਾਰ ਵਾਰ ਪੁੱਛੇ ਜਾਣ ਵਾਲੇ ਸਵਾਲ

### ਵੱਖ ਵੱਖ ਤਰ੍ਹਾਂ ਦੇ ਸਬਸਡੀ ਵਾਲੇ ਘਰਾਂ ਲਈ ਹੱਕਦਾਰ ਹੋਣ ਬਾਰੇ ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?

ਹਰ ਤਰ੍ਹਾਂ ਦੇ ਘਰਾਂ ਬਾਰੇ ਇਕ ਵੱਖਰਾ ਬਰੋਸ਼ਰ ਹੈ, ਜਿਸ ਉੱਪਰ ਉਸ ਤਰ੍ਹਾਂ ਦੇ ਘਰ ਲਈ ਅਰਜ਼ੀ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕਿਰਪਾ ਕਰਕੇ ਬੀ ਸੀ ਹਾਊਸਿੰਗ ਦਾ ਵੈੱਬਸਾਈਟ ਦੇਖੋ ਜਾਂ ਸਾਨੂੰ ਫੋਨ ਕਰੋ ਜਾਂ ਸਾਡੇ ਕੋਲ ਆਉ (ਸੰਪਰਕ ਜਾਣਕਾਰੀ ਦੇਖੋ)

### ਹਾਊਸਿੰਗ ਰਜਿਸਟਰੀ ਕੀ ਹੈ?

ਹਾਊਸਿੰਗ ਰਜਿਸਟਰੀ ਬੀ ਸੀ ਵਿੱਚ ਸਬਸਡੀ ਵਾਲੇ ਘਰਾਂ ਲਈ ਅਰਜ਼ੀ ਕਰਨ ਵਾਲਿਆਂ ਅਤੇ ਸਬਸਡੀ ਵਾਲੇ ਘਰ ਕਿਰਾਏ ਉੱਤੇ ਦੇਣ ਵਾਲਿਆਂ ਲਈ ਘਰਾਂ ਬਾਰੇ ਵਿਸਥਾਰ ਭਰਪੂਰ ਜਾਣਕਾਰੀ ਹੈ। ਰਜਿਸਟਰੀ ਦੇ ਮੈਂਬਰ ਘਰ ਮੁਹੱਈਆ ਕਰਨ ਵਾਲੇ ਖਾਲੀ ਮਕਾਨਾਂ ਲਈ ਹੱਕਦਾਰ ਅਰਜ਼ੀਕਰਤਾਵਾਂ ਨੂੰ ਲੱਭਣ ਲਈ ਇਸ ਨੂੰ ਦੇਖਦੇ ਹਨ। ਸਬਸਡੀ ਵਾਲੇ ਘਰ ਲੱਭ ਰਹੇ ਪਰਿਵਾਰਾਂ ਨੂੰ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਘਰ ਮੁਹੱਈਆ ਕਰਨ ਵਾਲਿਆਂ ਦੇ ਪ੍ਰਬੰਧ ਹੇਠਲੇ ਮਕਾਨਾਂ ਲਈ ਵਿਚਾਰੇ ਜਾਣ ਲਈ ਸਿਰਫ ਇਕ ਅਰਜ਼ੀ ਫਾਰਮ ਭਰਨ ਦੀ ਲੋੜ ਪੈਂਦੀ ਹੈ।

### ਮੈਂ ਇਹ ਕਿਸ ਤਰ੍ਹਾਂ ਪਤਾ ਲਾ ਸਕਦਾ/ਸਕਦੀ ਹਾਂ ਕਿ ਸਬਸਡੀ ਵਾਲੇ ਕਿਰਾਇਆਂ ਵਾਲੀ ਇਮਾਰਤ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਹੈ?

ਬੀ ਸੀ ਹਾਊਸਿੰਗ ਘਰਾਂ ਦੀ ਸੂਚੀ (ਹਾਊਸਿੰਗ ਲਿਸਟਿੰਗਜ਼) ਛਾਪਦੀ ਹੈ। ਇਸ ਡਾਇਰੈਕਟਰੀ ਵਿੱਚ ਪਰਿਵਾਰਾਂ, ਬਜ਼ੁਰਗਾਂ, ਅਤੇ ਅਪਾਹਜ ਲੋਕਾਂ ਲਈ ਸੂਬੇ ਭਰ ਵਿੱਚ ਸਬਸਡੀ ਵਾਲੇ ਮਕਾਨਾਂ ਦੀਆਂ ਇਮਾਰਤਾਂ ਦੇ ਪਤੇ ਦਿੱਤੇ ਹੁੰਦੇ ਹਨ। ਘਰਾਂ ਦੀ ਸੂਚੀਆਂ ਦੋ ਸੈਕਸ਼ਨਾਂ ਵਿੱਚ ਵੰਡੀਆਂ ਹੁੰਦੀਆਂ ਹਨ। ਸੈਕਸ਼ਨ 1 ਵਿੱਚ ਉਹ ਸਾਰੀਆਂ ਇਮਾਰਤਾਂ ਸ਼ਾਮਲ ਹੁੰਦੀਆਂ ਹਨ ਜੋ ਹਾਊਸਿੰਗ ਰਜਿਸਟਰੀ ਦਾ ਹਿੱਸਾ ਹਨ ਅਤੇ ਸੈਕਸ਼ਨ 2 ਵਿੱਚ ਉਹ ਸਾਰੀਆਂ ਇਮਾਰਤਾਂ ਸ਼ਾਮਲ ਹੁੰਦੀਆਂ ਹਨ ਜੋ ਹਾਊਸਿੰਗ ਰਜਿਸਟਰੀ ਦਾ ਹਿੱਸਾ ਨਹੀਂ ਹਨ। ਘਰਾਂ ਦੀਆਂ ਸੂਚੀਆਂ ਬੀ ਸੀ ਹਾਊਸਿੰਗ ਦੇ ਦਫਤਰ ਜਾਂ ਵੈੱਬਸਾਈਟ ਤੋਂ ਮਿਲ ਸਕਦੀਆਂ ਹਨ।

## ਸੰਪਰਕ ਜਾਣਕਾਰੀ

### ਮੈਟਰੋ ਵੈਨਕੂਵਰ

101-4555 Kingsway
Burnaby, B.C. V5H 4V8
ਟੈਲੀਫੋਨ: 604-433-2218
ਮੁਫਤ: 1-800-257-7756
ਫੈਕਸ: 604-439-4729

### ਵੈਨਕੂਵਰ ਆਈਲੈਂਡ

301 – 3440 Douglas St.
Victoria, B.C. V8Z 3L5
ਟੈਲੀਫੋਨ: 250-475-7550
ਮੁਫਤ: 1-800-787-2807
ਫੈਕਸ: 250-475-7551

### ਇਨਟੀਰੀਅਰ

290 Nanaimo Ave. West
Penticton, B.C. V2A 1N5
ਟੈਲੀਫੋਨ: 250-493-0301
ਮੁਫਤ: 1-800-834-7149
ਫੈਕਸ: 250-492-1080

### ਨੌਰਦਰਨ: ਪ੍ਰਿੰਸ ਜਾਰਜ

1539 – 11 Ave.,
Prince George, B.C. V2L 3S6
ਟੈਲੀਫੋਨ: 250-562-9251
ਮੁਫਤ: 1-800-667-1235
ਫੈਕਸ: 250-562-6488

### ਨੌਰਦਰਨ: ਪ੍ਰਿੰਸ ਰੁਪਰਟ

1400 Kootenay Ave.
Prince Rupert, B.C. V8J 3X5
ਟੈਲੀਫੋਨ: 250-627-7501
ਫੈਕਸ: 250-627-8975

**www.bchousing.org**



BRITISH COLUMBIA
The Best Place on Earth
BC Housing

## ਸਬਸਡੀ ਵਾਲੇ ਘਰਾਂ ਦੀਆਂ ਵੱਖ ਵੱਖ ਚੋਣਾਂ ਲਈ ਅਰਜ਼ੀ ਕਿਵੇਂ ਕਰਨੀ ਹੈ?

| ਮਕਾਨ ਦੀ ਕਿਸਮ | ਇਹ ਕੀ ਹੈ | ਅਰਜ਼ੀ ਕਿਵੇਂ ਕਰੀਏ |
|---|---|---|
| ਸਰਕਾਰੀ ਮਕਾਨ | ਬੀ ਸੀ ਹਾਊਸਿੰਗ ਦੀ ਮਲਕੀਅਤ ਅਤੇ ਇਸ ਦੇ ਪ੍ਰਬੰਧ ਹੇਠ ਚਲਦੀਆਂ ਇਮਾਰਤਾਂ। ਇਹਨਾਂ ਇਮਾਰਤਾਂ ਲਈ ਬੀ ਸੀ ਹਾਊਸਿੰਗ ਕਿਰਾਏਦਾਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ ਅਤੇ ਇਹਨਾਂ ਦੀ ਮਾਲਕ (ਲੈਂਡਲਾਰਡ) ਹੁੰਦੀ ਹੈ। | ਅਰਜ਼ੀ ਦੇ ਫਾਰਮ ਬੀ ਸੀ ਹਾਊਸਿੰਗ ਦੇ ਦਫਤਰਾਂ ਜਾਂ ਵੈੱਬਸਾਈਟ ਤੋਂ ਮਿਲ ਸਕਦੇ ਹਨ। |
| ਗੈਰ-ਮੁਨਾਫੇਦਾਰ ਮਕਾਨ | ਸਥਾਨਕ ਗੈਰ-ਮੁਨਾਫੇਦਾਰ ਮਕਾਨਾਂ ਵਾਲੀਆਂ ਸੁਸਾਇਟੀਆਂ ਦੀ ਮਲਕੀਅਤ ਅਤੇ ਇਸ ਦੇ ਪ੍ਰਬੰਧ ਹੇਠ ਚਲਦੀਆਂ ਇਮਾਰਤਾਂ। ਗੈਰ-ਮੁਨਾਫੇਦਾਰ ਘਰ ਮੁਹੱਈਆ ਕਰਨ ਵਾਲੇ ਕਿਰਾਏਦਾਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ ਅਤੇ ਇਹਨਾਂ ਦੀ ਮਾਲਕ (ਲੈਂਡਲਾਰਡ) ਹੁੰਦੇ ਹਨ। | ਕੁਝ ਗੈਰ-ਮੁਨਾਫੇਦਾਰ ਘਰਾਂ ਦੀਆਂ ਇਮਾਰਤਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਹਨ। ਅਰਜ਼ੀ ਦੇ ਫਾਰਮ ਬੀ ਸੀ ਹਾਊਸਿੰਗ ਦੇ ਦਫਤਰਾਂ ਜਾਂ ਵੈੱਬਸਾਈਟ ਤੋਂ ਮਿਲ ਸਕਦੇ ਹਨ। |
| | | ਕੁਝ ਗੈਰ-ਮੁਨਾਫੇਦਾਰ ਘਰਾਂ ਦੀਆਂ ਇਮਾਰਤਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਨਹੀਂ ਹਨ। ਬੀ ਸੀ ਹਾਊਸਿੰਗ ਇਹਨਾਂ ਇਮਾਰਤਾਂ ਨਾਲ ਸੰਪਰਕ ਕਰਨ ਲਈ ਜਾਣਕਾਰੀ ਦੇ ਸਕਦੀ ਹੈ, ਅਤੇ ਫਿਰ ਤੁਸੀਂ ਇਹਨਾਂ ਇਮਾਰਤਾਂ ਵਾਲਿਆਂ ਨਾਲ ਸਿੱਧੇ ਸੰਪਰਕ ਕਰ ਸਕਦੇ ਹੋ। |
| ਕੋ-ਅਪ੍ਰੇਟਿਵਾਂ | ਉੱਥੇ ਰਹਿ ਰਹੇ ਮੈਂਬਰਾਂ ਦੇ ਪ੍ਰਬੰਧ ਹੇਠ ਚਲਦੀਆਂ ਇਮਾਰਤਾਂ। ਮੈਂਬਰ ਇਮਾਰਤ ਦਾ ਪ੍ਰਬੰਧ ਕਰਨ ਅਤੇ ਨਵੇਂ ਮੈਂਬਰਾਂ ਦੀ ਚੋਣ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। | ਕੁਝ  ਕੋ-ਅਪ੍ਰੇਟਿਵਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਹਨ। ਅਰਜ਼ੀ ਦੇ ਫਾਰਮ ਬੀ ਸੀ ਹਾਊਸਿੰਗ ਦੇ ਦਫਤਰਾਂ ਜਾਂ ਵੈੱਬਸਾਈਟ ਤੋਂ ਮਿਲ ਸਕਦੇ ਹਨ। |
| | | ਕੁਝ ਕੋ-ਅਪ੍ਰੇਟਿਵਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਨਹੀਂ ਹਨ। ਬੀ ਸੀ ਹਾਊਸਿੰਗ ਇਹਨਾਂ ਇਮਾਰਤਾਂ ਨਾਲ ਸੰਪਰਕ ਕਰਨ ਲਈ ਜਾਣਕਾਰੀ ਦੇ ਸਕਦੀ ਹੈ, ਅਤੇ ਫਿਰ ਤੁਸੀਂ ਇਹਨਾਂ ਇਮਾਰਤਾਂ ਵਾਲਿਆਂ ਨਾਲ ਸਿੱਧੇ ਸੰਪਰਕ ਕਰ ਸਕਦੇ ਹੋ। |
| ਬਜ਼ੁਰਗਾਂ ਦੀ ਸਹਾਇਤਾ ਲਈ ਘਰ (ਸੀਨੀਅਰਜ਼ ਸੁਪੋਰਟਿਵ ਹਾਊਸਿੰਗ) | ਸਬਸਡੀ ਵਾਲੀਆਂ ਚੋਣਵੀਆਂ ਇਮਾਰਤਾਂ ਵਿੱਚ ਉਹਨਾਂ ਬਜ਼ੁਰਗਾਂ ਨੂੰ ਖਾਸ ਤਬਦੀਲੀਆਂ ਵਾਲੇ ਘਰ ਮੁਹੱਈਆ ਕਰਦੇ ਹਨ, ਜਿਹਨਾਂ ਬਜ਼ੁਰਗਾਂ ਨੂੰ ਆਜ਼ਾਦ ਤੌਰ ਉੱਤੇ ਰਹਿਣਾ ਜਾਰੀ ਰੱਖਣ ਲਈ ਕੁਝ ਸਹਾਇਤਾ ਦੀ ਲੋੜ ਹੁੰਦੀ ਹੈ। ਕਿਰਾਏਦਾਰਾਂ ਨੂੰ 24 ਘੰਟਿਆਂ ਦੌਰਾਨ ਹੁੰਗਾਰਾ ਦੇਣ, ਹਲਕੀ ਘਰੇਲੂ ਸੰਭਾਲ, ਖਾਣੇ, ਸਮਾਜਕ | ਕੁਝ ਇਮਾਰਤਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਹਨ। ਅਰਜ਼ੀ ਦੇ ਫਾਰਮ ਬੀ ਸੀ ਹਾਊਸਿੰਗ ਦੇ ਦਫਤਰਾਂ ਜਾਂ ਵੈੱਬਸਾਈਟ ਤੋਂ ਮਿਲ ਸਕਦੇ ਹਨ। |
| | | ਕੁਝ ਇਮਾਰਤਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਨਹੀਂ ਹਨ। ਬੀ ਸੀ ਹਾਊਸਿੰਗ ਇਹਨਾਂ ਇਮਾਰਤਾਂ ਨਾਲ ਸੰਪਰਕ ਕਰਨ ਲਈ ਜਾਣਕਾਰੀ ਦੇ ਸਕਦੀ ਹੈ, ਅਤੇ ਫਿਰ ਤੁਸੀਂ ਇਹਨਾਂ ਇਮਾਰਤਾਂ ਵਾਲਿਆਂ ਨਾਲ ਸਿੱਧੇ ਸੰਪਰਕ ਕਰ ਸਕਦੇ ਹੋ। |
| ਬੀ ਸੀ ਦੀ ਆਜ਼ਾਦ ਰਹਿਣੀ | ਉਹਨਾਂ ਬਜ਼ੁਰਗਾਂ ਅਤੇ ਅਪਾਹਜ ਲੋਕਾਂ ਲਈ ਰਹਿਣ ਲਈ ਸਹਾਇਤਕਾਰੀ ਘਰ ਪ੍ਰਦਾਨ ਕਰਦੇ ਹਨ, ਜਿਹਨਾਂ ਦਾ ਮੁੱਲਾਂਕਣ ਉਹਨਾਂ ਦੀ ਸਥਾਨਕ ਅਥਾਰਟੀ ਵਲੋਂ ਕੀਤਾ ਗਿਆ ਹੋਵੇ। ਇਹਨਾਂ ਘਰਾਂ ਵਿੱਚ ਰਹਿਣ ਵਾਲੇ ਕਿਰਾਏਦਾਰਾਂ ਨੂੰ ਬਜ਼ੁਰਗਾਂ ਲਈ ਸਹਾਇਤਾ ਵਾਲੇ ਘਰਾਂ (ਸੀਨੀਅਰਜ਼ ਸੁਪੋਰਟਿਵ ਹਾਊਸਿੰਗ) ਵਿੱਚ ਰਹਿਣ ਵਾਲੇ ਲੋਕਾਂ ਨਾਲੋਂ ਜ਼ਿਆਦਾ ਸੰਭਾਲ ਦੀ ਲੋੜ ਹੁੰਦੀ ਹੈ ਪਰ ਅਜੇ ਉਹਨਾਂ ਨੂੰ 24-ਘੰਟੇ ਦੀ ਰਿਹਾਇਸ਼ੀ ਸੰਭਾਲ (ਰੈਜ਼ੀਡੈਂਸ਼ੀਅਲ ਕੇਅਰ) ਦੀ ਲੋੜ ਨਹੀਂ ਹੁੰਦੀ | ਆਪਣੀ ਸਥਾਨਕ ਹੈਲਥ ਅਥਾਰਟੀ ਕੋਲ ਸਿੱਧੀ ਅਰਜ਼ੀ ਕਰੋ। ਸੰਪਰਕ ਕਰਨ ਦੀ ਜਾਣਕਾਰੀ www.healthservices.gov.bc.ca/socsec ਤੋਂ ਮਿਲ ਸਕਦੀ ਹੈ। ਇਹ ਫੈਸਲਾ ਕਰਨ ਲਈ ਕਿ ਕੀ ਸਹਾਇਤਾਕਾਰੀ ਰਿਹਾਇਸ਼ (ਅਸਿਸਟਡ ਲਿਵਿੰਗ) ਤੁਹਾਡੇ ਲਈ ਸਭ ਤੋਂ ਬਿਹਤਰ ਚੋਣ ਹੈ, ਇਕ ਕੇਸ ਮੈਨੇਜਰ ਤੁਹਾਡੇ ਨਾਲ ਮਿਲ ਕੇ ਕੰਮ ਕਰੇਗਾ। |
| ਬਜ਼ੁਰਗਾਂ ਦੀ ਕਿਰਾਏ ਵਿੱਚ ਸਹਾਇਤਾ | ਘੱਟ ਆਮਦਨ ਵਾਲੇ ਹੱਕਦਾਰ ਬਜ਼ੁਰਗਾਂ ਲਈ ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ ਰਾਹੀਂ ਨਿੱਜੀ ਮਾਰਕੀਟ ਵਿੱਚ ਕਿਰਾਏ ਵਿੱਚ ਸਹਾਇਤਾ ਮਿਲ ਸਕਦੀ ਹੈ। | ਬੀ ਸੀ ਹਾਊਸਿੰਗ ਦੇ ਦਫਤਰਾਂ ਜਾਂ ਵੈੱਬਸਾਈਟ ਤੋਂ ਮਿਲਦੀ ਸੇਫਰ ਦੀ ਅਰਜ਼ੀ ਭਰੋ। |
| ਘੱਟ ਆਮਦਨ ਵਾਲੇ ਹੱਕਦਾਰ ਬਜ਼ੁਰਗਾਂ ਲਈ ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ ਰਾਹੀਂ ਨਿੱਜੀ ਮਾਰਕੀਟ ਵਿੱਚ ਕਿਰਾਏ ਵਿੱਚ ਸਹਾਇਤਾ ਮਿਲ ਸਕਦੀ ਹੈ। | ਘੱਟ ਆਮਦਨ ਵਾਲੇ ਹੱਕਦਾਰ ਕੰਮ ਕਰਦੇ ਪਰਿਵਾਰਾਂ ਲਈ ਰੈਂਟਲ ਅਸਿਸਟੈਂਸ (ਕਿਰਾਏ ਵਿੱਚ ਸਹਾਇਤਾ ਦੇ) ਪ੍ਰੋਗਰਾਮ ਰਾਹੀਂ ਕਿਰਾਏ ਨਿੱਜੀ ਮਾਰਕੀਟ ਵਿੱਚ ਕਿਰਾਏ ਵਿੱਚ ਸਹਾਇਤਾ ਮਿਲ ਸਕਦੀ ਹੈ। | ਬੀ ਸੀ ਹਾਊਸਿੰਗ ਦੇ ਦਫਤਰਾਂ ਜਾਂ ਵੈੱਬਸਾਈਟ ਤੋਂ ਮਿਲਦੀ ਕਿਰਾਏ ਵਿੱਚ ਸਹਾਇਤਾ ਦੇ ਪ੍ਰੋਗਰਾਮ (ਰੈਂਟਲ ਅਸਿਸਟੈਂਸ ਪ੍ਰੋਗਰਾਮ) ਲਈ ਅਰਜ਼ੀ ਭਰੋ। |

May 2008